ਸਤੰਬਰ ਪ੍ਰੀਖਿਆ 2023
ਜਮਾਤ : ਬਾਰ੍ਹਵੀ
ਵਿਸ਼ਾ: ਪੰਜਾਬੀ ਚੋਣਵੀਂ

**ਸਮਾਂ**: 3 **ਘੰਟੇ** **ਕੁੱਲ ਅੰਕ**: 80

1. **ਸੁੰਦਰ ਲਿਖਾਈ** 5

1/1

- ਪ੍ਰਸ਼ਨ ਪੱਤਰ ਦੇ ਕੁੱਲ 7 ਪ੍ਰਸ਼ਨ ਹਨ।
- ਸਾਰੇ ਪ੍ਰਸ਼ਨ ਜਰੂਰੀ ਹਨ।
- ਵਸਤੂਨਿਸ਼ਠ ਪ੍ਰਸ਼ਨ ਦੇ ਭਾਗ ੳ, ਅ, ੲ ਅਤੇ ਸ ਹਨ। ਹਰੇਕ ਪ੍ਰਸ਼ਨ ਦੇ ਦੋ ਅੰਕ ਹਨ।

2. **ਵਸਤੂਨਿਸ਼ਠ ਪ੍ਰਸ਼ਨ** **(20X2=40)**

**ਭਾਗ ੳ**

**ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:**

1. ਗੁਰੂ ਨਾਨਕ ਦੇਵ ਜੀ ਕਿਸੇ ਇੱਕ ਰਚਨਾ ਦਾ ਨਾਂ ਦੱਸੋ।
2. ਸ਼ਾਹ ਹੁਸੈਨ ਦੇ ਦੋਹੜੇ ਵਿੱਚ ਆਏ ਸ਼ਬਦ 'ਤਸਬੀ' ਤੋਂ ਕੀ ਭਾਵ ਹੈ?
3. ਸਾਹਿਤ ਦਾ ਜੇਠਾ/ਪਲੇਠਾ ਰੂਪ ਕਿਸ ਸਾਹਿਤ-ਰੂਪ ਨੂੰ ਮੰਨਿਆ ਜਾਂਦਾ ਹੈ?
4. ਜਦੋਂ ਲੇਖਕ ਦਿੱਲੀ ਵਾਪਸ ਅਇਆ ਉਦੋਂ ਸਿੰਬਾ ਦੀ ਉਮਰ ਕਿੰਨੀ ਸੀ?
5. ਦੋਹਰਾ ਛੰਦ ਦੀ ਇੱਕ ਤੁਕ ਵਿੱਚ ਕਿੰਨੀਆ ਮਾਤਰਾ ਹੁੰਦੀਆਂ ਹਨ?

**ਭਾਗ-ਅ**

**ਬਹੁ-ਚੋਣਵੇਂ ਪ੍ਰਸ਼ਨ:**

1. 'ਫਰੀਦਾ ਕਿਥੇ ਤੈਂਡੇ ਮਾਪਿਆਂ ਜਿੰਨੀ ਤੂੰ ਜਣਿਓਹਿ' ਸਲੋਕ ਦਾ ਸਬੰਧ ਹੈ-
   ੳ. ਸੰਸਾਰਿਕ ਨਾਸ਼ਮਾਨਤਾ ਅ. ਨੈਤਿਕ ਕਦਰਾਂ ਕੀਮਤਾਂ ਨਾਲ
   ੲ. ਪ੍ਰਭੂ ਪ੍ਰੇਮ ਨਾਲ ਸ. ਸੱਚੀ ਭਗਤੀ ਨਾਲ
2. 'ਸੁਲਤਾਨ ਬਾਹੂ ਕਿਹੜੀ ਕਾਵਿ-ਧਾਰਾ ਨਾਲ ਸਬੰਧਿਤ ਕਵੀ ਹੈ?
   ੳ. ਗੁਰਮਤਿ ਕਾਵਿਧਾਰਾ ਅ. ਸੂਫੀ ਕਾਵਿ-ਧਾਰਾ
   ੲ. ਕਿੱਸਾ ਕਾਵਿ-ਧਾਰਾ ਸ. ਬੀਰ ਕਾਵਿ-ਧਾਰਾ
3. 'ਮੇਰੇ ਬੱਚੇ ਮੇਰਾ ਮੁਹਾਂਦਰਾ' ਸਵੈ-ਜੀਵਨੀ ਅੰਸ਼ ਦਾ ਲੇਖਕ ਕੌਣ ਹੈ?-
   ੳ. ਖੁਸ਼ਵੰਤ ਸਿੰਘ ਅ. ਗੁਰਬਖ਼ਸ਼ ਸਿੰਘ ਪ੍ਰੀਤਲੜੀ
   ੲ. ਬਲਵੰਤ ਗਾਰਗੀ ਸ. ਅੰਮ੍ਰਿਤਾ ਪੀਤਮ
4. ਜਦੋਂ ਲੇਖਕ ਦਿੱਲੀ ਵਾਪਸ ਆਇਆ, ਉਦੋਂ ਸਿੰਬਾ ਦੀ ਉਮਰ ਕਿੰਨੀ ਸੀ?
   ੳ. ਇੱਕ ਮਹੀਨਾ ਅ. ਇੱਕ ਸਾਲ
   ੲ. ਪੰਜ ਮਹੀਨੇ ਸ. 5 ਦਿਨ
5. ਅਲੰਕਾਰ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
   ੳ. ਦੋ ਪ੍ਰਕਾਰ ਦੇ ਅ. ਤਿੰਨ ਪ੍ਰਕਾਰ ਦੇ
   ੲ. ਚਾਰ ਪ੍ਰਕਾਰ ਦੇ ਸ. ਪੰਜ ਪ੍ਰਕਾਰ ਦੇ

## ਭਾਗ –ੲ

**ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗਲਤ:**

1. ਸੁਲਤਾਨ ਬਾਹੂ ਆਪਣੀਆਂ ਸੀਹਰਫੀਆਂ ਦੇ ਹਰ ਤੁਕਾਂਤ ਦਾ ਅੰਤ 'ਹੂ' ਨਾਲ ਕਰਦਾ ਹੈ।
2. ਤ੍ਰਿਵੇਣੀ ਦੋ ਨਦੀਆਂ ਦਾ ਮਿਲਾਪ ਹੈ।
3. ਜੰਨਤ ਆਪਣੇ ਪਿਤਾ ਤੋਂ 'ਲੂੰਬੜ ਅਤੇ ਕਾਂ' ਵਾਲੀ ਕਹਾਣੀ ਸੁਣਦੀ ਸੀ।
4. ਇਕਾਂਗੀ ਵਿੱਚ ਪਾਤਰਾਂ ਦੀ ਗਿਣਤੀ ਸੀਮਿਤ ਹੁੰਦੀ ਹੈ।
5. ਅਲੰਕਾਰ ਕਵਿਤਾ ਦੇ ਗਹਿਣੇ ਹਨ।

1/1

## ਭਾਗ –ਸ

**ਖ਼ਾਲੀ ਥਾਵਾਂ ਭਰੋ–**

1. ਜਿਸ ਮਾਟੀ ਪਰ ਬਹੁਤੀ ਮਾਟੀ ਤਿਸ ਮਾਟੀ ...............।
2. ਗੁਰੁ ਅੰਗਦ ਦੇਵ ਜੀ ਦੇ ਕਥਨ 'ਹਉਮੈ...... ਰੋਗੁ ਹੈ' ਨੂੰ ਪੂਰਾ ਕਰੋ।
3. ਨਾਵਲ............ ਦਾ ਮਹੱਤਵਪੂਰਨ ਰੂਪ ਹੈ।
4. ਅਚਾਰੀਆ ਭਰਤ ਮੁਨੀ ਦੇ ਮਸ਼ਹੂਰ ਗ੍ਰੰਥ ਦਾ ਨਾਂ ......... ਹੈ।
5. ਡਾਂ. ਰੰਧਾਵਾ ........... ਮੁੰਡਿਆ ਨੂੰ ਮੁਫਤ ਬੌਟਨੀ –ਜੁਆਲੌਜੀ ਪੜਾਉਂਦੇ ਸਨ।

**3. ਹੇਠ ਲਿਖੇ ਕਾਵਿ –ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (2+3=5)**

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥<br>
ਊਚੇ ਚੜਿ ਕੈ ਦੇਖਿਆ ਤਾ ਘਰਿ ਘਰਿ ਏਹਾ ਅਗਿ॥

ਜਾਂ

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥<br>
ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥

**4. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:**

1. ਅਨੰਦੁ ਸੁਣਹੁ ਵਡਭਾਗੀਹੋ (ਗੁਰੂ ਅਮਰਦਾਸ ਜੀ)
2. ਇੱਥੇ ਰਹਿਣਾ ਨਾਹੀ (ਸ਼ਾਹ ਹੁਸ਼ੈਨ)

**5. ਵਾਰਿਸ਼ ਸਾਹ ਦੇ ਜੀਵਨ, ਰਚਨਾ ਅਤੇ ਕਾਵਿ –ਕਲਾ ਬਾਰੇ ਜਾਣਕਾਰੀ ਦਿਓ। (7)**

**ਜਾਂ**

**ਕਿੱਸਾ–ਕਾਵਿ ਧਾਰਾ ਦੇ ਮੱਢ ਅਤੇ ਵਿਕਾਸ ਬਾਏ ਦੱਸੋ।**

**6. 'ਆਪ–ਬੀਤੀਆ' ਪਾਠ–ਪੁਸਤਕ ਵਿੱਚੋਂ ਪੁੱਛੇ ਗਏ ਕਿਸੇ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: (4+4=8)**

1. ਪੂਰਨ ਸਿੰਘ ਨੇ ਆਪਣੀ ਮਾਂ ਦੀ ਵਡਿਆਈ ਕਿਹੜੀਆਂ ਘਟਨਾਵਾਂ ਦਰਸਾ ਕੇ ਕੀਤੀ ਹੈ?
2. ਪ੍ਰੋ. ਸਾਹਿਬ ਸਿੰਘ ਨੂੰ ਆਪਣੇ ਵਿਦਿਆਰਥੀ ਜੀਵਨ ਵਿੱਚ ਕਿਸ ਪ੍ਰਕਾਰ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ? ਸੰਖੇਪ ਵਿੱਚ ਦੱਸੋ।
3. ਲੋਕ ਸਿੰਬਾ ਤੋਂ ਕਿਉਂ ਡਰਦੇ ਸਨ?
4. ਗੁਰਬਖ਼ਸ਼ ਸਿੰਘ ਨੂੰ ਸਵਿਟਜ਼ਰਲੈਂਡ ਦੇ (ਸਵਿਸ) ਲੋਕਾਂ ਦਿਆਂ ਕਿਹੜੀਆਂ–ਕਿਹੜੀਆਂ ਗੱਲਾਂ ਚੰਗੀਆਂ ਲੱਗੀਆਂ?

**ਸਾਹਿਤ-ਬੋਧ ਪਾਠ-ਪੁਸਤਕ ਵਿੱਚੋ ਕਿਸੇ ਇੱਕ ਸਾਹਿਤ-ਰੂਪ ਬਾਰੇ ਨੋਟ ਲਿਖੋ: (2+4+1=7)**

**ੳ. ਨਾਟਕ  ਅ. ਇਕਾਂਗੀ  ੲ. ਨਾਵਲ**

**ਹੇਠ ਲਿਖੇ ਭਾਗਾਂ ਵਿੱਚੋਂ ਕਿਸੇ ਵੀ ਇੱਕ ਭਾਗ 'ਤੇ ਉਦਾਹਰਨ ਸਹਿਤ ਨੋਟ ਲਿਖੋ: (4)**

ੳ. ਸਿੰਗਾਰ ਰਸ ਜਾਂ ਹਾਸਰਸ

ਅ. ਛੰਦ ਤੋਂ ਕੀ ਭਾਵ ਹੈ? ਇਸ ਦੇ ਸਰੂਪ ਤੇ ਲੱਛਣਾਂ ਬਾਰੇ ਚਰਚਾ ਕਰੋ।

ੲ. ਉਪਮਾ ਜਾਂ ਰੂਪਕ ਅਲੰਕਾਰ